ISSN 2321-0567
Vol. IV, Issue IV (Oct., 2016)

'ਤੀਨ ਲੋਕ ਸੇ ਨਿਆਰੀ' ਨਾਵਲ ਦਾ ਵਿਸ਼ੈਮੂਲਕ ਅਧਿਐਨ

ਲਛਮਣ ਸਿੰਘ
ਸਹਾਇਕ ਪ੍ਰੋਫੈਸਰ
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਡੀ.ਏ.ਵੀ. ਕਾਲਜ, ਬਠਿੰਡਾ

ਦਲੀਪ ਕੌਰ ਟਿਵਾਣਾ ਪੰਜਾਬੀ ਦੀ ਬਹੁਚਰਚਿਤ ਨਾਵਲਕਾਰ ਹੈ। ਉਸਨੇ ਹੁਣ ਤੱਕ ਲਗਭਗ ਢਾਈ ਦਰਜ਼ਨ ਨਾਵਲਾਂ ਦੀ ਸਿਰਜਣਾ ਕੀਤੀ ਹੈ। ਇਸਦਾ ਕਥਾ ਜਗਤ 'ਅਗਨੀ ਪ੍ਰੀਖਿਆ' ਤੋਂ ਲੈ ਕੇ 'ਤੀਲੀ ਦਾ ਨਿਸ਼ਾਨ' ਛੱਡਦਾ 'ਪੀਲੇ ਪੱਤਿਆਂ ਦੀ ਦਾਸਤਾਨ' ਦੱਸਦਾ 'ਲੰਘ ਗਏ ਦਰਿਆਵਾਂ' ਦੀ ਗੱਲ ਕਰਦਾ ਹੋਇਆ 'ਖਿਤਿਜ ਤੋਂ ਪਾਰ' ਤੱਕ ਫੈਲਿਆ ਹੈ। 'ਲੰਘ ਗਏ ਦਰਿਆ', 'ਜਿਮੀ ਪੁਛੇ ਆਸਮਾਨ', 'ਕਥਾ ਕਹ' ਉਰਵਸੀ' ਅਤੇ 'ਪੌਣਾਂ ਦੀ ਜਿੰਦ ਮੇ ਰੀ' ਵਰਗੀਆਂ ਵੱਡ-ਆਕਾਰੀ ਰਚਨਾਵਾਂ ਤੋਂ ਪਿੱਛੋਂ ਲੇਖਕਾਂ ਨੇ 'ਤੀਨ ਲੋਕ ਸੇ ਨਿਆਈ' ਦੀ ਸਿਰਜਣਾ ਰਾਹੀਂ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਉਸਦੀ ਕਲਮ ਨਿਰੰਤਰ ਸਿਰਜਣਾ ਕਰ ਰਹੀ ਹੈ। ਲੇਖਕਾ ਦੇ ਹੁਣ ਤੱਕ ਦੇ ਨਾਵਲੀ ਸਾਹਿਤ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਸਮੁੱਚਾ ਨਾਵਲ ਮਲਵਈ ਦੀ ਔਰਤ ਦੀ ਸੰਕਟਮਈ ਸਥਿਤੀ ਉੱਤੇ ਕੇਂਦਰਿਤ ਕੀਤਾ ਹੈ। ਇਸ ਦੇ ਸਾਰੇ ਨਾਵਲਾਂ ਵਿੱਚ ਵਧੇਰੇ ਕਰਕੇ ਔਰਤਾਂ ਦੀ ਸੰਕਟਮਈ ਸਥਿਤੀ ਨੂੰ ਮੁੱਖ ਰੱਖ ਕੇ ਚਿਤਰਿਆ ਹੈ। ਇਹ ਔਰਤਾਂ ਕਿਸੇ ਇੱਕ ਵਰਗ ਜਾਂ ਸ਼੍ਰੇਣੀ ਨਾਲ ਸਬੰਧਿਤ ਨਹੀਂ ਹਨ ਬਲਕਿ ਇਹਨਾਂ ਔਰਤਾਂ ਵਿੱਚ ਵੰਨ-ਸੁਵੰਨਤਾ ਹੈ। ਟਿਵਾਣਾ ਦੇ ਸੁਪ੍ਰਸਿੱਧ ਨਾਵਲ 'ਏਹੁ ਹਮਾਰਾ ਜੀਵਨਾ' ਦੀ ਭਾਨੋ ਦੀ ਸਮੱਸਿਆ ਆਰਥਿਕ ਤੇ ਸਾਂਸਕ੍ਰਿਤਕ ਹੈ। ਜਿਸ ਵਿੱਚ ਉਹ ਆਪਣੀ ਹੋਂਦ ਨੂੰ ਬਚਾਉਣਾ ਚਾਹੁੰਦੀ ਹੈ।

'ਦੂਸਰੀ ਗੀਤਾ' ਨਾਵਲ ਵਿੱਚ ਪੇਸ਼ ਮੁੱਖ ਪਾਤਰ ਨਾਈਆਂ ਦੀ ਨੂੰਹ ਹੈ ਜਿਸ ਰਾਹੀਂ ਟਿਵਾਣਾ ਨੇ ਰਮਾਇਣ ਦੀ ਕਥਾ ਵਿਚਲੀ ਸੀਤਾ ਦੀ ਕਥਾ ਨੂੰ ਪੁਨਰਸਿਰਜਤ ਕੀਤਾ ਹੈ। ਇਸ ਤਰ੍ਹਾਂ 'ਲੰਘ ਗਏ ਦਰਿਆ' ਰਾਹੀਂ ਲੇਖਕਾਂ ਨੇ ਅਹਿਲਕਾਰਾਂ ਸਰਦਾਰਾਂ ਦੇ ਆਪਸੀ-ਸਬੰਧ ਤੇ ਉਹਨਾਂ ਦੇ ਵੱਡੀ ਸਰਕਾਰ ਨਾਲ ਸਬੰਧ ਤੇ ਇਹਨਾਂ ਦੀਆਂ ਔਰਤਾਂ ਦੀ ਆਪਸੀ ਸਬੰਧਾਂ ਦੀਆਂ ਮਾਣ ਮਰਿਯਾਦਾ ਨੂੰ ਬੜੀ ਬਰੀਕੀ ਨਾਲ ਪੇਸ਼ ਕੀਤਾ ਹੈ। 'ਧੁੱਪ ਛਾਂ ਤੇ ਰੁੱਖ', 'ਪੀਲੇ ਪੱਤਿਆਂ ਦੀ ਦਾਸਤਾਨ', 'ਹਸਤਾਖ਼ਰ', 'ਪੈੜਚਾਲ' ਅਤੇ 'ਐਰ ਵੈਰ ਮਿਲਦਿਆਂ' ਰਾਹੀਂ ਆਧੁਨਿਕ ਮੱਧ ਸ਼੍ਰੇਣੀ ਔਰਤਾਂ ਦੀਆਂ ਅਨੇਕ ਮਾਨਸਿਕ ਗੁੰਝਲਾਂ ਨੂੰ ਪੇਸ਼ ਕੀਤਾ ਹੈ। ਟਿਵਾਣਾ ਦੇ ਨਾਵਲੀ ਸੰਸਾਰ ਨੂੰ ਮੁੱਖ ਰੱਖਦਿਆਂ ਦੋ ਪ੍ਰਕਾਰ ਦੀਆਂ ਔਰਤਾਂ ਦਾ ਬੋਧ ਹੁੰਦਾ ਹੈ। ਇੱਕ ਔਰਤ ਉਹ ਹੈ ਜਿਹੜੀ ਦੈਵੀ, ਪਤੀ ਦੀ ਸੇਵਾ ਕਰਨ ਵਾਲੀ, ਪਤੀ ਨੂੰ ਪਰਮੇਸ਼ਰ ਮੰਨਣ ਵਾਲੀ ਹੈ। ਦੂਜੀ ਕਿਸਮ ਦੀ ਔਰਤ ਓਹ ਹੈ ਜਿਹੜੀ ਸਮੁੱਚੀਆਂ ਸਮਾਜਿਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਦੀ ਹੈ।

ਦਲੀਪ ਕੌਰ ਟਿਵਾਣਾ ਦਾ ਨਾਵਲ 'ਤੀਲ ਲੋਕ ਸੇ ਨਿਆਰੀ' ਉਸ ਦੁਆਰਾ ਹੁਣ ਤੱਕ ਰਚੇ ਗਏ ਨਾਵਲੀ ਜਗਤ ਵਿੱਚੋਂ ਵਿਲੱਖਣਤਾ ਦਾ ਅਨੁਭਵ ਕਰਾਉਂਦਾ ਹੈ। ਵਿਲੱਖਣਤਾ ਤੋਂ ਭਾਵ ਇਹ ਆਧੁਨਿਕ ਜਗਤ ਦੀ ਗੱਲ ਨਾ ਕਰਦਾ ਹੋਇਆ ਇਤਿਹਾਸਕ ਤੱਥਾਂ ਦੀ ਕਲਾਤਮਿਕ ਪੇਸ਼ਕਾਰੀ ਕਰਦਾ ਹੈ। ਦੂਜੀ

ISSN 2321-0567
Vol. IV, Issue IV (Oct., 2016)

ਗੱਲ ਅਸੀਂ ਇਹ ਕਹਿ ਸਕਦੇ ਹਾਂ ਕਿ ਟਿਵਾਣਾ ਦੇ ਹੁਣ ਤੱਕ ਦੇ ਨਾਵਲੀ ਵਿਧਾ ਵਿੱਚ ਵਿਚਰਣ ਵਾਲੇ ਪਾਤਰ ਦੁਨਿਆਵੀ ਕਰਮ-ਕਾਂਡ ਨਾਲ ਓਤਪੋਤ ਹੋਏ ਦਿੱਸਦੇ ਹਨ। ਪ੍ਰੰਤੂ ਹਥਲੇ ਨਾਵਲ ਦੀ ਮੁੱਖ ਓਤਪੋਤ ਪਾਤਰ ਮਾਤਾ ਸਾਹਿਬ ਕੌਰ ਰੂਹਾਨੀਅਤ ਦੇ ਰੰਗ ਵਿੱਚ ਲਬਰੇਜ਼ ਹੈ। "ਇਤਿਹਾਸਕ ਨਾਵਲ ਦਾ ਮਨੋਰਥ ਕੇਵਲ ਘਟਨਾਵਾਂ ਨੂੰ ਕ੍ਰਮਵਾਰ ਬਿਆਨ ਕਰਨਾ ਜਾਂ ਤੱਥਾਂ ਨੂੰ ਨਿਭਾਉਣਾ ਹੀ ਨਹੀਂ ਸਗੋਂ ਉਸ ਕਾਲ ਦੀ ਰੂਹ ਨੂੰ ਪੇਸ਼ ਕਰਨਾ ਹੈ।[1] ਇਸ ਤਰ੍ਹਾਂ ਲੇਖਿਕਾ ਨੇ ਸਿੱਖ ਜਗਤ ਦੇ ਕੁਰਬਾਨੀਆਂ ਨਾਲ ਲਬਰੇਜ਼ ਇਤਿਹਾਸ ਦੀ ਪੇਸ਼ਕਾਰੀ ਕਰਦੇ ਹੋਏ ਉਸ ਕਾਲ ਦੀ ਪਵਿੱਤਰ ਰੂਹ ਨੂੰ ਰੌਸ਼ਨੀ ਵਿੱਚ ਲਿਆਂਦਾ ਹੈ।

'ਇਤਿਹਾਸਕ ਨਾਵਲ ਵਿੱਚ ਕਿਸੇ ਇਤਿਹਾਸਕ ਸਮੇਂ ਦੇ ਸੱਭਿਆਚਾਰ ਦਾ ਕਲਪਨਾ-ਮਈ ਚਿੱਤਰ ਪੇਸ਼ ਕੀਤਾ ਜਾਂਦਾ ਹੈ। ਇਸ ਵਿੱਚ, ਆਮ ਤੌਰ 'ਤੇ, ਇਤਿਹਾਸਕ ਪਾਤਰ ਵੀ ਹੁੰਦੇ ਹਨ, ਗਲਪੀ ਪਾਤਰ ਵੀ'[2] ਹਥਲੇ ਨਾਵਲ ਦਾ ਸਿਰਲੇਖ ਨਿਸ਼ਚਿਤ ਕਰਦਿਆਂ ਲੇਖਕ ਨੇ ਆਪਣੇ ਵਿਸ਼ਾਲ ਅਨੁਭਵ ਦੀ ਪੇਸ਼ਕਾਰੀ ਕੀਤੀ ਹੈ। 'ਤੀਨ ਲੋਕ' ਦਾ ਸੰਕਲਪ, ਜੋ ਹਥਲੇ ਨਾਵਲ ਵਿੱਚ ਵਰਤਿਆ ਗਿਆ ਹੈ, ਦਾ ਬੜਾ ਹੀ ਵਿਸ਼ਾਲ ਦਾਇਰਾ ਹੈ। 'ਭਾਈ ਕਾਹਨ ਸਿੰਘ ਨਾਭਾ ਆਪਣਾ ਮਹਨਾ-ਕੋਸ਼ ਵਿੱਚ 'ਤ੍ਰਿਲੋਕ' ਦਾ ਅਰਥ (ਸਵਰਗ, ਪ੍ਰਿਥਵੀ, ਪਾਤਾਲ) ਅਤੇ (ਉੱਤਮ, ਮੱਧਮ ਅਤੇ ਨੀਚ ਲੋਗ) ਅਤੇ (ਗੋਰੇ, ਕਣਕ ਵੰਨੇ ਤੇ ਕਾਲੇ ਲੋਗ) ਦੱਸਦਾ ਹੈ। ਵੇਦਾਂ ਵਿੱਚ ਅਗਨੀ, ਵਾਯੂ, ਤੇ ਸੂਰਜ ਤਿੰਨ ਪ੍ਰਧਾਨ ਦੇਵਤੇ ਹਨ। 'ਤੀਨ' ਦੇ ਸੰਦਰਭ ਵਿੱਚ ਪੁਰਾਣ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੀ ਸਿਫ਼ਤ ਕਰਦੇ ਹਨ।[3] ਗੁਰਬਾਣੀ ਵਿੱਚ ਆਉਂਦਾ ਹੈ:-

ਤਿਨ ਅੰਤਰਿ ਸ਼ਬਦ ਵਸਾਇਆ (ਸ੍ਰੀ ਮ: ਜੋਗੀ ਅੰਦਰ)

ਹਥਲੇ ਨਾਵਲ ਵਿੱਚ ਲੇਖਿਕਾ ਮਾਤਾ ਸਾਹਿਬ ਕੌਰ ਨੂੰ 'ਨਿਆਰੀ' ਦਾ ਦਰਜਾ ਪ੍ਰਦਾਨ ਕਰਦੀ ਹੈ। 'ਤੀਨ ਲੋਕ ਸੇ ਨਿਆਰੀ' ਨਾਰੀ ਚੇਤਨਾ ਦੀ ਸਿਖ਼ਰ ਹੈ। ਜਿਸ ਵਿੱਚ ਮਾਤਾ ਸਾਹਿਬ ਕੌਰ ਦੀ ਨਿਰਸੁਆਰਥ ਸੇਵਾ, ਬੇਰਗਜ ਵਫ਼ਾ, ਗੁਰੂ ਗੋਬਿੰਦ ਸਿੰਘ ਜੀ ਦੇ ਸਰੀਕਰ ਵਿਛੋੜੇ ਦੀ ਤੜ੍ਹਪ ਦੀ ਸਿੱਦਤ, ਪਰਵਾਜ਼ ਤੇ ਰੂਹਾਨੀਅਤ ਦੇ ਦੈਵੀ ਰੂਪ ਰਾਹੀਂ ਨਾਰੀ ਚੇਤਨਾ ਦੇ ਸੰਦਰਭ ਵਿੱਚ ਇਹ ਕਿਹਾ ਜਾ ਸਕਦਾ ਹੈ ਜਿੱਥੇ ਚੇਤਨਾ 'ਉਚੀ ਸੁਰਤਿ' ਨਾਨ ਅਭੇਦ ਹੋ ਕੇ ਰੂਹਾਨੀਅਤ ਅਖੰਡ ਜ਼ਜਬੇ ਵਿੰਚ ਪਰਵਾਜ਼ ਬਣਦੀ ਹੈ। ਨਾਵਲ ਦੇ ਸਿਰਲੇਖ ਨੂੰ ਵਿਚਾਰਦਿਆਂ ਟਿਵਾਣਾ ਦੀ ਦੂਰ ਦ੍ਰਿਸ਼ਟੀ ਦਾ ਅੰਦਾਜ਼ਾ ਨਾਵਲ ਦੀ ਆਰੰਭਿਕ ਸਤਰ ਤੋਂ ਹੀ ਲੱਗ ਜਾਂਦਾ ਹੈ।

"ਨਾ ਇਹ ਸਤਿਯੁਗ ਸੀ, ਨਾ ਤ੍ਰੇਤਾ ਤੇ ਨਾ ਹੀ ਦੁਆਪਰ।

ਇਹ ਤਾਂ ਕਲਯੁਗ ਦਾ ਵੇਲਾ ਸੀ।"[4]

ਦਲੀਪ ਕੌਰ ਵਿਟਵਣਾ ਦਾ ਇਹ ਨਾਵਲ ਇੱਕ ਲਘੂ-ਆਕਾਰੀ ਨਾਵਲ ਹੈ। ਟਿਵਾਣਾ ਦਾ ਇਹ ਨਾਵਲ ਵਿਸ਼ੇ ਪੱਖੋਂ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਇਹ ਨਾਵਲ ਸਿੱਖ-ਇਤਿਹਾਸ ਨੂੰ ਵਿਧੀਗਤ ਢੰਗ ਨਾਲ ਪੇਸ਼ ਇੱਕ ਸੁਚੱਜਾ ਨਾਵਲ ਹੈ। ਇਤਿਹਾਸਕ ਮਹੱਤਤਾ ਦੇ ਨਾਲ-ਨਾਲ ਇਸਦੀ ਵਰਤਮਾਨ ਮਹੱਤਤਾ ਨੂੰ ਵੀ ਮਨਫ਼ੀ ਨਹੀਂ ਕੀਤਾ ਜਾ ਸਕਦਾ। ਜਿੱਥੇ ਸਿੱਖ ਇਤਿਹਾਸ ਦੇ ਮੋਟੇ ਵਿਸ਼ੇ ਵਜੋਂ ਉੱਘੜਦਾ ਹੈ। ਉੱਥੇ ਕੁੱਝ ਸੂਖ਼ਮ ਵਿਸ਼ੇ ਵੀ ਇਸਦੀ ਤਹਿ ਹੇਠ ਦਰਸਾਏ ਗਏ ਹਨ। ਨਾਵਲੀ ਕਥਾ ਦੇ ਤੀਜੇ ਕਾਂਡ ਵਿੱਚ ਦਰਸਾਇਆ ਹੈ ਕਿ ਕੁੜੀਆਂ ਦੀ ਧਾੜ ਨੂੰ

ISSN 2321-0567
Vol. IV, Issue IV (Oct., 2016)

ਚੰਗਾ ਨਹੀਂ ਸਮਝਿਆ ਜਾਂਦਾ, ਪੰਜਵੇਂ ਕਾਂਡ ਵਿੱਚ ਫਾਤਿਮਾ ਅਤੇ ਰਮਜਾਨ ਦੇ ਭਰਾ ਰਾਹੀਂ ਲੇਖਿਕਾ ਦਿਉਰ-ਭਰਜਾਈ ਦੇ ਰਿਸ਼ਤੇ ਨੂੰ ਪੇਸ਼ ਕਰਦੀ ਹੈ। ਇਸ ਤੋਂ ਇਲਾਵਾ ਨਾਰੀ ਚੇਤਨਾ ਦੀ ਸਿਖ਼ਰ ਦਾ ਵਿਸ਼ਾ ਵੀ ਉੱਘੜਦਾ ਹੈ। ਜਿਸ ਨੂੰ ਅਸੀਂ ਨਾਵਲੀ ਸਿਰਲੇਖ ਦੇ ਸੰਦਰਭ ਵਿੱਚ ਵਿਚਾਰ ਆਏ ਹਾਂ।

'ਤੀਨ ਲੋਕ ਸੇ ਨਿਆਰੀ' ਨਾਵਲ ਦੀ ਮੁੱਖ ਪਾਤਰ ਸਾਹਿਬਾ ਹੈ। ਦਲੀਪ ਕੌਰ ਟਿਵਾਣਾ ਨੇ ਇਸ ਨਾਵਲ ਵਿੱਚ ਮਾਤਾ ਸਾਹਿਬ ਕੌਰ ਦੇ ਉੱਚੇ ਗ੍ਰਹਿਸਥ ਅਤੇ ਵਿਛੋੜੇ ਵਿੱਚੋਂ ਪੈਦਾ ਹੋਏ ਇਕਾਗਰ ਸਿਮਰਨ ਆਦਿ ਪੱਖਾਂ ਨੂੰ ਚਿਤਰਦਿਆਂ ਮਾਤਾ ਸਾਹਿਬ ਕੌਰ ਨੂੰ ਸਮੂਹਿਕ ਇਸਤਰੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇਸ ਪਾਤਰ ਨੂੰ ਕੇਂਦਰ ਵਿੱਚ ਰੱਖ ਕੇ ਨਾਵਲਕਾਰ ਨੇ ਸਿੱਖ-ਇਤਿਹਾਸ ਦੀਆਂ ਘਟਨਾਵਾਂ ਨੂੰ ਮੂਰਤੀਮਾਨ ਕੀਤਾ ਹੈ। ਸਮੁੱਚੇ ਨਾਵਲ ਦਾ ਕਥਾਨਕ ਸਿੱਖ-ਇਤਿਹਾਸ ਉੱਤੇ ਹੀ ਕੇਂਦਰਿਤ ਰਹਿੰਦਾ ਹੈ। ਨਾਵਲਕਾਰ ਨੇ ਵਰਨਾਤਮਕ ਵਿਧੀ ਰਾਹੀਂ ਵੀ ਸਿੱਖ-ਇਤਿਹਾਸ ਨੂੰ ਪੇਸ਼ ਕੀਤਾ ਹੈ। ਪ੍ਰੰਤੂ ਉਹ ਵਾਰਤਾਲਾਪੀ ਵਿਧੀ ਰਹੀਂ ਹੀ ਸਮੁੱਚਾ ਕਥਾਨਕ ਸਿਰਜਦੀ ਹੈ। ਇਹ ਵਾਰਤਾਲਾਪ ਜ਼ਿਆਦਾਤਰ ਸਾਹਿਬਾ-ਫਾਤਿਮਾ, ਸਾਹਿਬ-ਸ਼੍ਰੀ ਗੁਰੂ ਗੋਬਿੰਦ ਸਿੰਘ, ਸਾਹਿਬਾ-ਮਾਤਾ ਸੁੰਦਰੀ ਜੀ ਰਾਹੀਂ ਉਘਾੜੀ ਹੋਈ ਮਿਲਦੀ ਹੈ। ਜਿਸ ਤਰ੍ਹਾਂ ਨਾਵਲ ਦੇ ਤੇਰਵੇਂ ਕਾਂਡ ਵਿੱਚ ਲੇਖਿਕਾ ਸਾਹਿਬ-ਫਾਤਿਮਾ ਵਾਰਤਾਲਾਪ ਰਾਹੀਂ ਗੁਰੂ ਤੇਗ ਬਹਾਦਰ ਜੀਦੀ ਸ਼ਹੀਦੀ ਦਾ ਜ਼ਿਕਰ ਕਰਦੀ ਹੈ। ਫਾਤਿਮਾ ਨੇ ਇੱਕ ਦਿਨ ਸਾਹਿਬਾ ਨੂੰ ਪੁੱਛਿਆ:-

"ਤੇਰੇ ਸਾਹਿਬ ਆਪਣਿਆਂ ਵਿੱਚ ਮੁਸਲਮਾਨਾਂ ਨੂੰ ਵੀ ਰਲਾ ਲੈਂਦੇ ਨੇ ਕਿ ਨਹੀਂ?"

ਸਾਹਿਬਾ ਬੋਲੀ:-

"ਫਾਤਿਮਾ ਮੇਰੇ ਸਾਹਿਬ ਹਿੰਦੂ, ਮੁਸਲਮਾਨ 'ਚ ਕੋਈ ਫ਼ਰਕ ਨਹੀਂ ਕਰਦੇ, ਉਹ ਤਾਂ ਮਾੜੇ ਲੋਕਾਂ ਦੇ ਉਲਟ ਨੇ। ਮੁਸਲਮਾਨ ਕਿਉਂਕਿ ਹਕੂਮਤ ਕਰਦੇ ਨੇ, ਇਸ ਲਈ ਉਹ ਹਿੰਦੂਆਂ ਤੇ ਜ਼ੁਲਮ ਕਰਦੇ ਨੇ। ਜਿਹੜੇ ਮੇਰੇ ਸਾਹਿਬ ਪਿਤਾ ਜੀ ਸਨ ਨਾ ਗੁਰੂ ਤੇਗ ਬਹਾਦਰ, ਹਿੰਦੂ ਲੋਕ ਉਹਨਾਂ ਕੋਲ ਫ਼ਰਿਆਦ ਲੈ ਕੇ ਜਾਂਦੇ ਸਨ ਕਿ ਹਾਕਮ ਲੋਕ ਸਾਡੇ ਕੋਲੋਂ ਜ਼ਬਰਦਸਤੀ 'ਕਰ' ਲੈਂਦੇ ਨੇ, ਜ਼ਬਰਦਸਤੀ ਮੁਸਲਮਾਨ ਬਣਾਉਂਦੇ ਨੇ, ਜੇ ਕੋਈ ਨਾ ਬਣੇ ਤਾਂ ਉਹਨੂੰ ਜਾਨੋਂ ਮਾਰ ਦਿੰਦੇ ਨੇ... ਸਾਹਿਬ ਦੇ ਪਿਤਾ ਜੀ ਦਿੱਲੀ ਦੇ ਬਾਦਸ਼ਾਹ ਕੋਲ ਗਏ। ਉਸਨੇ ਵੀ ਉਹੀ ਕੀਤਾ। ਆਖਣ ਲੱਗਿਆ ਸਾਡੇ ਧਰਮ ਵਿੱਚ ਕਾਫਰਾਂ ਨੂੰ ਮਾਰਨਾ ਤੇ ਆਪਣੇ ਧਰਮ 'ਚ ਲਿਆਉਣਾ ਸ਼ਰਾਂ ਅਨੁਸਾਰ ਨੇਕ ਕੰਮ ਹੈ। ਤੁਸੀਂ ਮੁਸਲਮਾਨ ਬਣ ਜਾਓ ਅਸੀਂ ਤੁਹਾਨੂੰ ਕੁੱਝ ਨਹੀਂ ਆਖਾਂਗੇ ਸਗੋਂ ਭਾਰੀ ਇਨਾਮ ਵੀ ਦਿਆਂਗੇ। ਸਾਹਿਬ ਦੇ ਪਿਤਾ ਜੀ ਗੁਰੂ ਤੇਗ ਬਹਾਦਰ ਇਹ ਗੱਲ ਨਹੀਂ ਮੰਨੇ ਤੇ ਬਾਦਸ਼ਾਹ ਨੇ ਉਹਨਾਂ ਨੂੰ ਤਸੀਹੇ ਦੇ ਕੇ ਮਾਰ ਦਿੱਤਾ।"(5)

ਨਾਵਲ ਵਿੱਚ ਸਿੱਖ-ਇਤਿਹਾਸ ਦਾ ਮੁੱਢ ਚੌਥੇ ਕਾਂਡ ਤੋਂ ਹੀ ਬੱਝ ਜਾਂਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਬ੍ਰਹਮਚਾਰੀ ਹੋਣ ਬਾਵਜੂਦ ਸਾਹਿਬਾ ਨਾਲ ਵਿਆਹ ਦੇ ਬੰਧਨ ਵਿੱਚ ਬੱਝ ਜਾਂਦੇ ਹਨ। ਖਾਲਸਾ ਪੰਥ ਦੀ ਸਥਾਪਨਾ ਵੇਲੇ ਮਾਤਾ ਸਾਹਿਬ ਕੌਰ ਪਾਣੀ ਵਿੱਚ ਪਤਾਸੇ ਘੋਲਦੀ ਹੈ ਅਤੇ ਰੂਹਾਨੀ ਰੂਪ ਵਿੱਚ ਖਾਲਸੇ ਦੀ ਮਾਤਾ ਦੇ ਰੂਪ ਵਿੱਚ ਸਥਾਪਿਤ ਹੁੰਦੀ ਹੈ ਜੋ ਔਰਤ ਦੀ ਰੂਹਾਨੀ ਬੁਲੰਦੀ ਹੈ। ਇਸ ਤਰ੍ਹਾਂ ਗੁਰੂ ਗੋਬਿੰਦ ਜੀ ਦੇ ਸਰੀਰ ਵਿਛੋੜੇ ਪਿੱਛੋਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਧਰਵਾਸ ਹਾਸਿਲ ਕਰਕੇ ਸਹਿਜ਼ਮਈ ਅਵਸਥਾ ਨੂੰ ਪਹੁੰਚਦੀ ਹੈ।

ISSN 2321-0567
Vol. IV, Issue IV (Oct., 2016)

ਇਤਿਹਾਸਕ ਪ੍ਰਸੰਗ ਵਿੱਚ ਕਿਸੇ ਨਾਇਕ ਨੂੰ ਪਰਖਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਉਸ ਨਾਇਕ ਦਾ ਸਬੰਧਿਤ ਪ੍ਰਸਥਿਤੀਆਂ ਅਤੇ ਸਬੰਧਿਤ ਧਰਮ ਅਤੇ ਸੱਭਿਆਚਾਰ ਵਿੱਚ ਕੀ ਸਥਾਨ ਹੈ? ਉਸਦੀ ਸਖ਼ਸ਼ੀਅਤ ਉਸ ਧਰਮ, ਸੱਭਿਆਚਾਰ ਅਤੇ ਪ੍ਰਸਥਿਤੀਆਂ ਦੇ ਸੰਕਲਪਾਂ ਨੂੰ ਆਪਣੇ ਸਵੈ ਵਿੱਚ ਕਿੱਥੋਂ ਕੁ ਤੱਕ ਵੱਖਰੇ-ਵੱਖਰੇ ਹਾਲਾਤਾਂ ਵਿੱਚ ਜ਼ਾਹਿਰ ਕਰ ਰਹੀ ਹੈ। 'ਤੀਲ ਲੋਕ ਸੇ ਨਿਆਰੀ' ਇਤਿਹਾਸਕ ਨਾਵਲ ਹੈ। ਪ੍ਰੰਤੂ ਇਸਦੇ ਨਾਲ ਹੀ ਇਸਦੇ ਕਾਰਜ ਖੇਤਰ ਦੇ ਵੱਖਰੇ-ਵੱਖਰੇ ਘਟਨਾ-ਚੱਕਰ ਤੇ ਇਸਦੀ ਸਖ਼ਸ਼ੀਅਤ ਵਿੱਚੋਂ ਗੁਰਬਾਣੀ ਦੇ ਸ਼ਬਦ ਉਚੀ ਸੁਰਤਿ, ਵਿਜੈਈ ਤਰਕ, ਸਿਦਕ ਪ੍ਰਬਲਤਾ, ਸਾਦਗੀ ਦਾ ਬੇਮਿਸਾਲ ਰੂਪ ਆਦਿ ਵੱਖਰੇ-ਵੱਖਰੇ ਜੀਵਨ ਸੰਕਟ ਸਮੇਂ ਜ਼ਾਹਿਰ ਹੋ ਰਹੇ ਹਨ। ਉਪਰੋਕਤ ਸੰਕਲਪਾਂ ਤੋਂ ਬਿਨਾਂ ਅਸੀਂ ਮਾਤਾ ਸਾਹਿਬ ਕੌਰ ਦੀ ਸਖ਼ਸ਼ੀਅਤ ਨਾਲ ਦਰੁੱਸਤ ਨਿਆਂ ਨਹੀਂ ਕਰ ਸਕਦੇ।

ਅਸੀਂ 'ਤੀਨ ਲੋਕ ਸੇ ਨਿਆਰੀ' ਨੂੰ ਸਿੱਖ ਜੰਗਾਂ, ਜੋ ਕਿ ਅਠਾਰ੍ਹਵੀਂ ਸਦੀ ਵਿੱਚ ਵਿਸ਼ੇਸ਼ ਤੌਰ 'ਤੇ ਮੁਗਲਾਂ ਤੇ ਸਿੰਘਾਂ ਵਿੱਚਕਾਰ ਹੋਈਆਂ, ਦੇ ਸੰਦਰਭ ਵਿੱਚ ਵੀ ਵੇਖ ਸਕੇਦ ਹਾਂ। ਸਿੱਖ ਧਰਮ ਤੇ ਇਸਲਾਮ ਵਿੱਚ ਸ਼ਹਾਦਤ ਦੇ ਅਰਥ ਵਿਸ਼ਵ ਦੇ ਬਾਕੀ ਧਰਮਾਂ ਨਾਲੋਂ ਭਿੰਨ ਹਨ। ਸ਼ਹਾਦਤ ਤੇ ਪਹੁੰਚ ਕੇ ਹੀ ਇਹਨਾਂ ਦੋਵਾਂ ਧਰਮਾਂ ਅਨੁਸਾਰ ਮਨੁੱਖ ਪ੍ਰਮਾਤਮਾ ਦੀ ਨਦਰ ਅਥਵਾ ਫ਼ਜਲ ਦਾ ਪੂਰੀ ਤਰ੍ਹਾਂ ਹੱਕਦਾਰ ਹੁੰਦਾ ਹੈ। ਸਿੱਖ ਆਪਣੀ ਸ਼ਹਾਦਤ ਸਮੇਂ ਪੂਰੇ ਜਲੌਅ ਤੇ ਖੇੜੇ ਵਿੱਚ ਹੁੰਦਾ ਹੋਇਆ ਗੁਰੂ ਗ੍ਰੰਥ ਸਾਹਿਬ ਗੁਰੂ ਅਮਲ ਅਤੇ ਖਾਲਸੇ ਦੇ ਇਤਿਹਾਸ ਦਾ ਪ੍ਰਮਾਣ ਆਪਣੇ ਸਰੀਰ ਵਿੱਚੋਂ ਉਜਾਗਰ ਕਰ ਰਿਹਾ ਹੁੰਦਾ ਹੈ। ਕਿਉਂਕਿ ਮੌਤ ਨੂੰ ਧਾਰਨ ਕਰ ਲੈਣ ਉਪਰੰਤ ਹੀ ਸ਼ਹੀਦ ਅਥਵਾ ਸਿੱਖ ਨੂੰ ਗੁਰੂ ਨੇੜਤਾ ਪ੍ਰਾਪਤਾ ਹੁੰਦੀ ਹੈ। ਮਾਤਾ ਸਾਹਿਬ ਕੌਰ ਦੀ ਹਰ ਸੇਵਾ ਸੰਸਾਰਕ ਗਰਜ਼, ਭੈਅ, ਈਰਖਾ ਅਤੇ ਹਉਮੈ ਤੋਂ ਸੁੰਤਤਰ ਅਤੇ ਨਿਰਲੇਖ ਹੈ ਕਿਉਂਕਿ ਸ਼ਬਦ ਦੇ ਅਨਿੱਖੜ ਤਾਲਮੇਲ ਨੇ ਉਸਨੂੰ ਗੁਰੂ ਅਥਵਾ ਗੁਰੂ ਦੇ ਸ਼ਬਦ ਜਿਹਾ ਹੀ ਬਣਾ ਲਿਆ ਹੈ।

ਨਾਵਲ ਦੇ 20ਵੇਂ ਕਾਂਡ ਵਿੱਚ ਨਾਵਲਕਾਰ, ਬੰਦਾ ਸਿੰਘ ਬਹਾਦਰ ਦੇ ਪਾਤਰ ਦੀ ਪੇਸ਼ਕਾਰੀ ਕਰਦੀ ਹੈ। ਇਸ ਪਾਤਰ ਦੀ ਪੇਸ਼ਕਾਰੀ ਵਿੱਚ ਵੀ ਬੜੇ ਗੁੱਝੇ ਰੂਪ ਪੇਸ਼ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸ਼ਹੀਦ ਸਿੰਘਾਂ ਨੇ ਪਹਿਲੀ ਵਾਰ ਬੜੇ ਜ਼ੋਰ ਨਾਲ ਸਾਬਿਤ ਕਰ ਦਿੱਤਾ ਕਿ ਸਿੰਘ ਸ਼ਹਾਦਤ ਪਾਉਂਦਿਆਂ ਹਠ ਵਿੱਚ ਨਹੀਂ ਹੁੰਦਾ ਸਗੋਂ ਮੌਤ ਸਾਹਮਣੇ ਉਹ ਪੂਰਨ ਵਿਗਾਸ ਦਾ ਰੂਪ ਹੁੰਦਾ ਹੈ। ਨਾਵਲਕਾਰ ਔਰੰਗਜ਼ੇਬ ਨੂੰ ਖ਼ਲਨਾਇਕ ਦੇ ਰੂਪ ਵਿੱਚ ਸਿਰਜ ਕੇ ਗੁਰੂ ਗੋਬਿੰਦ ਸਿੰਘ ਤੇ ਉਸਦੀ ਸਮੁੱਚੀ ਸਿੱਖ ਕੌਮ ਨੂੰ ਨਾਇਕ ਦੇ ਰੂਪ ਵਿੱਚ ਦਿਖਾ ਕੇ ਇਹ ਸਿੱਧ ਕਰਦੀ ਹੈ ਕਿ ਸਿੱਖ ਸਿੱਦਕਵਾਨ, ਦ੍ਰਿੜ ਇਰਾਦੇ ਵਾਲੇ, ਨਾ ਡੋਲਣ ਵਾਲੇ ਤੇ ਗੁਰੂ ਪ੍ਰਤਿ ਸੱਚੀ ਸ਼ਰਧਾ ਰੱਖਣ ਵਾਲੇ ਪ੍ਰਤਿਭਾਸ਼ਾਲੀ ਸਿੱਖ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸਿਧਾਂਤਾਂ ਤੇ ਪਹਿਰਾ ਰੱਖਣ ਲਈ "ਹੁਕਮ ਦਿੱਤਾ ਕਿ ਇਹ ਕਦੇ ਨਹੀਂ ਭੁੱਲਣਾ ਮੇਰੀ ਆਤਮਾ ਗ੍ਰੰਥ ਵਿੱਚ, ਸਰੀਰ ਪੰਥ ਵਿੱਚ, ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ ਤੇ ਓਟ ਅਕਾਲ ਕੀ"(6)

ਹਥਲੇ ਨਾਵਲ ਵਿੱਚ ਗੁਰੂ ਸਹਿਬਾਨਾਂ ਦੇ ਦਾਰਸ਼ਨਿਕ ਸਿਧਾਂਤਾਂ ਦਾ ਕਈ ਥਾਵਾਂ 'ਤੇ ਜ਼ਿਕਰ ਆਉਂਦਾ ਹੈ। ਨਾਵਲ ਦੇ ਅੱਠਵੇਂ ਕਾਂਡ ਵਿੱਚ ਗੁਰੂ ਜੀ ਕਹਿੰਦੇ ਹਨ ਕਿ ਇਹ ਸਭ ਕੁੱਝ ਗੁਰੂ ਦੇ ਹੁਕਮ

ISSN 2321-0567
Vol. IV, Issue IV (Oct., 2016)

ਨਾਲ ਹੋ ਰਿਹਾ ਹੈ। ਉਸਦੇ ਹੁਕਮ ਤੋਂ ਬਾਹਰ ਕੁੱਝ ਨਹੀਂ।

"ਹੁਕਮੈ ਅੰਦਰ ਸਭ ਕੋ
ਬਾਹਰ ਹੁਕਮ ਨਾ ਕੋਇ"(7)

ਮਾਤਾ ਸਾਹਿਬ ਕੌਰ ਦੇ ਅਮਲ ਵਿੱਚੋਂ ਦਸਾਂ ਪਾਤਸ਼ਾਹੀਆਂ ਦੇ ਦੈਵੀ ਇਲਹਾਮ ਨੂੰ ਪ੍ਰਤੀਬਿੰਬਤ ਹੁੰਦਿਆਂ ਵੇਖਿਆ ਜਾ ਸਕਦਾ ਹੈ। ਉਸਦਾ ਸਰੀਰ ਜ਼ਿੰਦਗੀ ਦੇ ਹਰ ਕਾਰਜ ਵਿੱਚ ਗੁਰੂ ਸ਼ਬਦ ਦੀਆਂ ਮਹਾਨ ਤੇ ਅਦ੍ਰਿਸ਼ਟ ਪਰਤਾਂ ਤੱਕ ਨੂੰ ਅਪਣਾਉਂਦੇ ਹੋਏ ਪਾਵਨ ਅਮਲਾਂ ਰਾਹੀਂ ਜ਼ਾਹਿਰ ਕਰ ਰਿਹਾ ਹੈ। ਮਾਤਾ ਸਾਹਿਬ ਕੌਰ ਦਾ ਜੀਵਨ ਅਮਲ ਸਦਾ-ਵਿਗਾਸ ਦੀ ਅਵਸਥਾ ਵਿੱਚ ਵਿਚਰਦਾ ਹੈ। ਭਾਵੇਂ ਉਹ ਲੰਗਰ ਦੀ ਸੇਵਾ ਕਰ ਰਹੀ ਹੈ ਅਤੇ ਭਾਵੇਂ ਉਹ ਕਿਸੇ ਸਿੱਖ ਨੂੰ ਇਸਤਰੀ ਦੀ ਬਜ਼ੁਰਗੀ ਵਾਲਾ ਪਿਆਰ ਦੇ ਰਹੀ ਹੈ। ਇਸ ਪ੍ਰਕਾਰ ਨਾਵਲ ਵਿੱਚ ਸਾਹਿਬਾ ਨੂੰ ਉਸਦੇ ਹਰ ਸਵਾਲ ਦਾ ਜਵਾਬ ਗੁਰੂ ਦੀ ਬਾਣੀ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਦੇ ਦੱਸੇ ਹੋਏ ਮਾਰਗ ਨਾਮ, ਸਿਮਰਨ ਤੇ ਸੇਵਾ ਕਰਕੇ ਮਨੁੱਖ ਨੂੰ ਮੌਤ ਉੱਪਰ ਫ਼ਤਹਿ ਪਾਉਣ ਬਾਰੇ ਕਿਹਾ ਹੈ। ਨਾਵਲਕਾਰ ਨੇ ਵੀ ਇੱਥੇ ਮੌਤ ਦੇ ਸੰਕਲਪ ਰਾਹੀਂ ਮੌਤ ਦਾ ਪ੍ਰਕਾਸ਼ਮਈ ਰੂਪ ਪੇਸ਼ ਕੀਤਾ ਹੈ।

ਸਮੁੱਚੇ ਰੂਪ ਵਿੱਚ ਇਹ ਨਾਵਲ ਸਿੱਖ-ਇਤਿਹਾਸ ਦੀ ਮਹੱਤਤਾ ਨੂੰ ਦਰਸਾਉਣ ਵਾਲਾ ਨਾਵਲ ਹੈ। ਇਤਿਹਾਸਕ ਨਾਵਲ ਵਿੱਚ ਇਤਿਹਾਸਕ ਅਨੁਭਵ ਦੀ ਪੇਸ਼ਕਾਰੀ ਵਰਤਮਾਨ ਦੀਆਂ ਲੋੜਾਂ ਅਤੇ ਚੁਣੌਤੀਆਂ ਨੂੰ ਸਨਮੁੱਖ ਰੱਖ ਕੇ ਕੀਤੀ ਗਈ ਹੈ। ਸੋ ਸਮੁੱਚਾ ਨਾਵਲ ਸਿੱਖ ਇਤਿਹਾਸ ਅਤੇ ਗੁਰੂ ਦੀ ਭਗਤੀ ਤੇ ਉਹਨਾਂ ਦੇ ਦੱਸੇ ਸਿਧਾਂਤਾਂ ਨੂੰ ਪੇਸ਼ ਕਰਕੇ ਸਿੱਖ ਕੌਮ ਵਿੱਚ ਜਾਗ੍ਰਿਤੀ ਪੈਦਾ ਕਰਦਾ ਹੈ। ਨਾਵਲ ਦਾ ਪ੍ਰਯੋਜਨ ਮਹਿਜ ਸਿੱਖ-ਇਤਿਹਾਸ ਦਾ ਦੁਹਰਾਓ ਕਰਨਾ ਨਹੀਂ ਬਲਕਿ ਸਿੱਖੀ ਅਸੂਲਾਂ ਤੇ ਸਿੱਖੀ ਸਿਧਾਂਤਾਂ ਨੂੰ ਪੇਸ਼ ਕਰਨਾ ਹੈ। ਇਸ ਨਾਵਲ ਵਿੱਚ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਸਮੁੱਚੇ ਵੇਰਵੇ ਜਾਣਨ ਉਪਰੰਤ ਪਤਾ ਲੱਗਦਾ ਹੈ ਕਿ ਸ਼ਹੀਦ ਪਿਤਾ ਤੇ ਸ਼ਹੀਦ ਪੁੱਤਰਾਂ ਦੇ ਪਿਤਾ ਦੇ ਪਿਤਾ ਦਾ ਦਰਜਾ ਸਿਰਫ਼ ਤੇ ਸਿਰਫ਼ ਕਲਗੀਧਰ ਪਾਤਸ਼ਾਹ ਨੂੰ ਪ੍ਰਾਪਤ ਹੈ।

ਹਵਾਲੇ ਅਤੇ ਟਿੱਪਣੀਆਂ

1. ਡਾ: ਭੁਪਦਿੰਦਰ ਸਿੰਘ, ਸੀਤਲ ਦੀ ਨਾਵਕਾਰੀ ਸਾਹਿਤ-ਇਤਿਹਾਸਕ ਪਰਿਖੇਖ (ਪੰਨਾ-361)
2. ਡਾ: ਟੀ.ਆਰ. ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼ (ਪੰਨਾ-44)
3. ਭਾਈ ਕਾਹਨ ਸਿੰਘ ਨਾਭਾ, ਗੁਰਸ਼ਬਦ ਰਤਨਕਾਰ ਮਹਾਨ ਕੋਸ਼ (ਪੰਨਾ-06 ਤੋਂ 09)
4. ਦਲੀਪ ਕੌਰ ਟਿਵਾਣਾ, ਤੀਨ ਲੋਕ ਸੇ ਨਿਆਰੀ (ਪੰਨਾ-01)
5. ਉਹੀ (ਪੰਨਾ-61 ਤੋਂ 62)
6. ਉਹੀ (ਪੰਨਾ- 93)
7. ਉਹੀ (ਪੰਨਾ-42)